ਪੰਜਾਬ ਵਿਧਾਨ ਸਭਾ

ਬਿੱਲ ਨੰ. 16-ਪੀ.ਐਲ.ਏ.-2023

# ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿੱਲ, 2023

ਪੰਜਾਬ ਰਾਜ ਵਿਚ ਲਾਗੂਕਰਨ ਲਈ ਰਜਿਸਟ੍ਰੇਸ਼ਨ ਐਕਟ, 1908 ਦੀ ਵਰਤੋਂ ਵਾਸਤੇ ਇਸ ਵਿਚ
ਅੱਗੇ ਸੋਧ ਕਰਨ ਲਈ
ਇਕ ਬਿਲ

ਇਹ ਭਾਰਤੀ ਗਣਤੰਤਰ ਦੇ 74ਵੇਂ ਸਾਲ ਵਿੱਚ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਹੇਠ ਲਿਖੇ ਅਨੁਸਾਰ ਲਾਗੂ ਕੀਤਾ ਜਾਵੇ :-

1. (1) ਇਸ ਐਕਟ ਨੂੰ ਰਜਿਸਟ੍ਰੇਸ਼ਨ (ਪੰਜਾਬ ਸੋਧ) ਐਕਟ, 2023 ਕਿਹਾ ਜਾਵੇਗਾ। ਸੰਖੇਪ ਸਿਰਲੇਖ ਅਤੇ ਅਰੰਭ।
(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ ਲਾਗੂ ਹੋਵੇਗਾ।

2. ਰਜਿਸਟ੍ਰੇਸ਼ਨ ਐਕਟ, 1908 ਵਿੱਚ, ਪੰਜਾਬ ਰਾਜ ਵਿਚ ਲਾਗੂਕਰਨ ਲਈ, ਧਾਰਾ 17 ਵਿੱਚ, - 1908 ਦੇ ਕੇਂਦਰੀ ਐਕਟ 16 ਦੀ ਧਾਰਾ 17 ਵਿੱਚ ਸੋਧ।

(i) ਉਪ-ਧਾਰਾ (1) ਵਿੱਚ, ਕਲਾਜ਼ (ਈ) ਤੋਂ ਬਾਅਦ, ਹੇਠ ਲਿਖਿਆ ਕਲਾਜ਼ ਸ਼ਾਮਲ ਕੀਤਾ ਜਾਵੇਗਾ, ਅਰਥਾਤ:-

"(ਐਫ) ਕਿਸੇ ਸਿਵਲ ਜਾਂ ਰੈਵੇਨਿਊ ਅਫਸਰ ਜਾਂ ਸਿਵਲ ਕੋਰਟ ਜਾਂ ਕਾਨੂੰਨ ਦੇ ਅਧੀਨ ਕਿਸੇ ਅਥਾਰਟੀ ਦੁਆਰਾ ਜਨਤਕ ਨਿਲਾਮੀ ਦੁਆਰਾ ਵੇਚੀ ਗਈ ਕਿਸੇ ਵੀ ਜਾਇਦਾਦ ਦੇ ਖਰੀਦਦਾਰ ਨੂੰ ਪ੍ਰਦਾਨ ਕੀਤਾ ਗਿਆ ਵਿਕਰੀ ਦਾ ਕੋਈ ਸਰਟੀਫਿਕੇਟ।";

(ii) ਉਪ-ਧਾਰਾ (1ਏ) ਤੋਂ ਬਾਅਦ, ਹੇਠ ਲਿਖੀ ਉਪ-ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

"(1ਬੀ) ਜਾਇਦਾਦ ਤਬਾਦਲਾ ਐਕਟ, 1882 (1882 ਦਾ 4) ਦੀ ਧਾਰਾ 59 ਵਿੱਚ ਕਿਸੇ ਵੀ ਚੀਜ਼ ਦੇ ਸ਼ਾਮਲ ਹੋਣ ਦੇ ਬਾਵਜੂਦ, ਟਾਈਟਲ ਡੀਡਜ਼ (ਇਕੁਇਟੇਬਲ ਮੋਰਟਗੇਜ) ਦੀ ਪੇਸ਼ਗੀ

ਨਾਲ ਸਬੰਧਤ ਕੋਈ ਵੀ ਦਸਤਾਵੇਜ਼ ਜਾਂ ਸਮਝੌਤਾ, ਜਿੱਥੇ ਕਿਸੇ ਕਰਜ਼ੇ ਜਾਂ ਮੌਜੂਦਾ ਜਾਂ ਭਵਿੱਖ ਦੇ ਕਰਜ਼ਿਆਂ ਦੀ ਮੁੜ ਅਦਾਇਗੀ ਲਈ ਸਕਿਓਰਟੀ ਵਜੋਂ ਅਜਿਹੀ ਪੇਸ਼ਗੀ ਕੀਤੀ ਗਈ ਹੈ, ਨੂੰ ਰਜਿਸਟਰ ਕੀਤਾ ਜਾਣਾ ਚਾਹੀਦਾ ਹੈ।"; ਅਤੇ

(iii) ਉਪ-ਧਾਰਾ (2) ਵਿੱਚ, ਧਾਰਾ (xii) ਨੂੰ ਹਟਾਇਆ ਜਾਵੇਗਾ।

# ਮੰਤਵਾਂ ਅਤੇ ਕਾਰਨਾਂ ਦੀ ਵਿਆਖਿਆ

ਰਜਿਸਟ੍ਰੇਸ਼ਨ ਐਕਟ, 1908 (ਐਕਟ) ਰਾਜ ਸਰਕਾਰਾਂ ਲਈ ਲੇਵੀ ਅਤੇ ਰਜਿਸਟ੍ਰੇਸ਼ਨ ਫੀਸਾਂ ਦੀ ਉਗਰਾਹੀ ਲਈ ਉਪਬੰਧ ਕਰਨ ਦੇ ਦ੍ਰਿਸ਼ਟੀਕੋਣ ਨਾਲ ਲਾਗੂ ਕੀਤਾ ਗਿਆ ਸੀ। ਇਹ ਐਕਟ ਰਜਿਸਟ੍ਰੇਸ਼ਨ ਫੀਸਾਂ ਨੂੰ ਸੁਚਾਰੂ ਢੰਗ ਨਾਲ ਵਸੂਲਨ ਅਤੇ ਇਕੱਠਾ ਕਰਨ ਲਈ ਕੁਝ ਉਪਬੰਧ ਪ੍ਰਦਾਨ ਕਰਦਾ ਹੈ। ਰਜਿਸਟ੍ਰੇਸ਼ਨ ਫੀਸ ਲਗਾਉਣ ਅਤੇ ਇਕੱਠੀ ਕਰਨ ਦੇ ਸਬੰਧ ਵਿੱਚ ਸ਼ੰਕਾਵਾਂ ਨੂੰ ਦੂਰ ਕਰਨ ਲਈ, ਆਮ ਲੋਕਾਂ ਦੀ ਸਹੂਲਤ ਲਈ ਟਾਈਟਲ ਡੀਡਜ਼, ਸੇਲ ਸਰਟੀਫਿਕੇਟ ਜਮ੍ਹਾ ਕਰਨ ਅਤੇ ਸੈਕਸ਼ਨ 17 ਦੀ ਉਪ ਧਾਰਾ 2(xii) ਨੂੰ ਹਟਾਉਣ ਦੇ ਤਰੀਕੇ ਨਾਲ ਬਿਹਤਰ ਢੰਗ ਨਾਲ ਲਾਗੂ ਕਰਨ ਲਈ ਗਿਰਵੀਨਾਮਾ ਸ਼ਾਮਲ ਕਰਨ ਦੀ ਤਜਵੀਜ਼ ਹੈ। ਨਿਰਧਾਰਤ ਤਬਦੀਲੀਆਂ ਨੂੰ ਲਾਗੂ ਕਰਨ ਲਈ, ਰਜਿਸਟ੍ਰੇਸ਼ਨ ਐਕਟ, 1908 ਵਿੱਚ ਸੋਧ ਕਰਨ ਦੀ ਤਜਵੀਜ਼ ਰੱਖੀ ਜਾਂਦੀ ਹੈ।

ਬ੍ਰਮ ਸ਼ੰਕਰ ਸ਼ਰਮਾ (ਜੇ.ਆਈ.ਐਮ.ਪੀ.ਏ)
ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ,
ਪੰਜਾਬ

ਚੰਡੀਗੜ੍ਹ:
19 ਅਕਤੂਬਰ, 2023

ਰਾਮ ਲੋਕ ਖਟਾਣਾ
ਸਕੱਤਰ

ਐਨ.ਬੀ.- ਉਪਰੋਕਤ ਬਿੱਲ 10 ਅਕਤੂਬਰ, 2023 ਨੂੰ ਪੰਜਾਬ ਸਰਕਾਰ ਦੇ ਗਜ਼ਟ (ਅਸਾਧਾਰਨ) ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ, ਜਿਸ ਨੂੰ ਪੰਜਾਬ ਵਿਧਾਨ ਸਭਾ ਵਿੱਚ ਕਾਰਜ-ਪ੍ਰਣਾਲੀ ਅਤੇ ਕਾਰੋਬਾਰ ਦੇ ਨਿਯਮਾਂ ਦੇ ਨਿਯਮ 121 ਦੇ ਉਪਬੰਧ ਦੇ ਤਹਿਤ ਪ੍ਰਕਾਸ਼ਿਤ ਕੀਤਾ ਗਿਆ ਸੀ।